## ਇਸ ਜਾਣਕਾਰੀ ਨਿਮਨਲਿਖਤ ਬਾਰੇ ਹੈ:

- ਫੇਫੜੇ
- ਫੇਫੜੇ ਦਾ ਕੈਂਸਰ
- ਇਲਾਜ ਦੀ ਯੋਜਨਾ ਕਿਵੇਂ ਬਣਾਈ ਜਾਂਦੀ ਹੈ
- ਤੁਹਾਡੀ ਸਿਹਤ-ਦੇਖਭਾਲ ਟੀਮ ਦੇ ਨਾਲ ਗੱਲ ਕਰਨਾ
- ਫੇਫੜੇ ਦੇ ਕੈਂਸਰ ਦੇ ਇਲਾਜ
- ਸਰਜਰੀ
- ਕੀਮੋਥੈਰੇਪੀ
- ਰੇਡੀਓਥੈਰੇਪੀ
- ਟਾਰਗੇਟਿਡ ਥੈਰੇਪੀ ਅਤੇ ਇਮਊਨੋਥੈਰੇਪੀ ਦਵਾਈਆਂ
- ਹੋਰ ਇਲਾਜ
- ਲੱਛਣਾਂ ਤੇ ਨਿਯੰਤ੍ਰਣ ਕਰਨਾ
- ਇਲਾਜ ਤੋਂ ਬਾਅਦ
- ਤੁਹਾਡੀਆਂ ਭਾਵਨਾਵਾਂ
- ਮੈਕਮਿਲਨ (Macmillan) ਕਿਵੇਂ ਤੁਹਾਡੀ ਮਦਦ ਕਰ ਸਕਦੀ ਹੈ
- ਸ਼ਬਦ ਸੂਚੀ
- ਤੁਹਾਡੀ ਭਾਸ਼ਾ ਵਿੱਚ ਵਧੇਰੇ ਜਾਣਕਾਰੀ
- ਹਵਾਲੇ ਅਤੇ ਧੰਨਵਾਦ

## ਫੇਫੜੇ

ਸਾਡੇ ਛਾਤੀ ਵਿਚ ਦੋ ਫੇਫੜੇ ਹੁੰਦੇ ਹਨ ਜੋ ਸਾਹ ਲੈਣ ਵਿਚ ਸਾਡੀ ਮਦਦ ਕਰਦੇ ਹਨ।

ਜਦੋਂ ਅਸੀਂ ਸਾਹ ਲੈਂਦੇ ਹਾਂ, ਤਾਂ ਹਵਾ ਸਾਹ ਦੀ ਨਾਲੀ (ਟ੍ਰੈਕੀਆ) ਦੇ ਰਾਹੀਂ ਸਾਡੇ ਨੱਕ ਜਾਂ ਮੂੰਹ ਤੋਂ ਗੁਜ਼ਰਦੀ ਹੈ। ਇਹ ਦੋਵੇਂ ਫੇਫੜਿਆਂ ਵਿੱਚ ਜਾਂਦੀਆਂ ਦੋ ਨਾਲੀਆਂ ਵਿੱਚ ਵੰਡੀ ਜਾਂਦੀ ਹੈ। ਇਨ੍ਹਾਂ ਨੂੰ ਸੱਜੀ ਸਾਹ-ਨਲੀ (ਬ੍ਰੋਂਕਸ) ਅਤੇ ਖੱਬੀ ਸਾਹ-ਨਲੀ (ਬ੍ਰੋਂਕਸ) ਕਹਿੰਦੇ ਹਨ। ਇਹ ਬ੍ਰੋਨਕਿਓਲਸ (ਸਾਹ-ਨਾਲੀਆਂ) ਨਾਮਕ ਹੋਰ ਛੋਟੀਆਂ ਨਾਲੀਆਂ ਵਿੱਚ ਵਿਭਾਜਿਤ ਹੁੰਦੀਆਂ ਹਨ। ਬ੍ਰੋਨਕਿਓਲਸ ਦੇ ਅਖੀਰ ਤੇ ਹਵਾ ਦੀਆਂ ਲੱਖਾਂ ਛੋਟੀਆਂ ਛੋਟੀਆਂ ਥੈਲੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਅਲਵਿਓਲੀ ਕਹਿੰਦੇ ਹਨ। ਇਹ ਉਹ ਥਾਂ ਹੈ ਜਿੱਥੋਂ ਆਕਸੀਜਨ, ਜੋ ਅਸੀਂ ਸਾਹ ਰਾਹੀਂ ਅੰਦਰ ਲੈਂਦੇ ਹਾਂ, ਖ਼ੂਨ ਵਿੱਚ ਜਾਂਦੀ ਹੈ।

## ਫੇਫੜੇ ਦਾ ਕੈਂਸਰ

ਸਰੀਰ ਦੇ ਸਾਰੇ ਹਿੱਸੇ ਛੋਟੀਆਂ ਕੋਸ਼ਿਕਾਵਾਂ ਦੇ ਨਾਲ ਬਣੇ ਹੁੰਦੇ ਹਨ। ਫੇਫੜੇ ਦਾ ਕੈਂਸਰ ਉਦੋਂ ਹੁੰਦਾ ਹੈ ਜਦੋਂ ਫੇਫੜੇ ਦੀਆਂ ਕੋਸ਼ਿਕਾਵਾਂ ਬੇਕਾਬੂ ਤਰੀਕੇ ਨਾਲ ਵਿਕਸਤ ਹੋ ਕੇ ਟਿਊਮਰ ਨਾਮਕ ਇੱਕ ਗੰਢ ਦਾ ਰੂਪ ਲੈ ਲੈਂਦੀਆਂ ਹਨ।

ਫੇਫੜੇ ਦੇ ਕੈਂਸਰ ਦੀਆਂ ਦੋ ਪ੍ਰਮੁੱਖ ਕਿਸਮਾਂ ਹਨ:

- **ਗੈਰ-ਛੋਟੀ ਕੋਸ਼ਿਕਾ ਫੇਫੜੇ ਦਾ ਕੈਂਸਰ** – ਇਹ ਸਭ ਤੋਂ ਆਮ ਫੇਫੜੇ ਦਾ ਕੈਂਸਰ ਹੈ ਅਤੇ ਇਸ ਦੀਆਂ 3 ਮੁੱਖ ਕਿਸਮਾਂ ਹਨ: ਐਡੇਨੋਕਾਰਸਿਨੋਮਾ, ਸਕ੍ਰੈਮਸ ਸੈੱਲ ਕਾਰਸਿਨੋਮਾ, ਅਤੇ ਵੱਡੀ ਕੋਸ਼ਿਕਾ ਫੇਫੜੇ ਦਾ ਕੈਂਸਰ।
- **ਛੋਟੀ ਕੋਸ਼ਿਕਾ ਫੇਫੜੇ ਦਾ ਕੈਂਸਰ** – 7 (15%) ਵਿੱਚੋਂ ਲਗਭਗ 1 ਫੇਫੜੇ ਦਾ ਕੈਂਸਰ, ਛੋਟੀ ਕੋਸ਼ਿਕਾ ਫੇਫੜੇ ਦਾ ਕੈਂਸਰ ਹੁੰਦਾ ਹੈ।

ਫੇਫੜੇ ਦੇ ਜ਼ਿਆਦਾਤਰ ਕੈਂਸਰ ਸਿਗਰਟਾਂ ਪੀਣ ਦੇ ਕਾਰਨ ਹੁੰਦੇ ਹਨ। ਪਰ ਫੇਫੜੇ ਦੇ ਕੈਂਸਰ ਵਾਲੇ 10 ਵਿਅਕਤੀਆਂ ਵਿੱਚੋਂ ਲਗਭਗ 1 ਵਿਅਕਤੀ ਅਜਿਹਾ ਹੁੰਦਾ ਹੈ ਜਿਸਨੇ ਕਦੇ ਵੀ ਸਿਗਰਟ ਨਹੀਂ ਪੀਤੀ।

ਜੇ ਤੁਸੀਂ ਸਿਗਰਟ ਪੀਂਦੇ ਹੋ, ਤਾਂ ਤੁਹਾਡਾ ਡਾਕਟਰ ਆਮ ਤੌਰ ਤੇ ਤੁਹਾਨੂੰ ਸਿਗਰਟ ਛੱਡਣ ਦੀ ਸਲਾਹ ਦਏਗਾ। ਇਹ ਤੁਹਾਡੇ ਇਲਾਜ ਨੂੰ ਬੇਹਤਰ ਤਰੀਕੇ ਨਾਲ ਕੰਮ ਕਰਨ ਅਤੇ ਮਾੜੇ ਪ੍ਰਭਾਵਾਂ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ। ਇਹ ਲੰਬੀ ਮਿਆਦ ਵਿੱਚ ਤੁਹਾਡੀ ਸਿਹਤ ਸਬੰਧੀ ਮਦਦ ਵੀ ਕਰਦਾ ਹੈ। ਤੁਹਾਡਾ ਡਾਕਟਰ ਜਾਂ ਹਸਪਤਾਲ ਸਿਗਰਟ ਬੰਦ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਇਲਾਜ ਪ੍ਰਦਾਨ ਕਰ ਸਕਦੇ ਹਨ।

ਫੇਫੜੇ ਦਾ ਕੈਂਸਰ ਸੰਕ੍ਰਾਮਕ ਨਹੀਂ ਹੈ। ਇਸਦਾ ਮਤਲਬ ਹੈ ਕਿ ਇਹ ਹੋਰਨਾਂ ਲੋਕਾਂ ਤਕ ਨਹੀਂ ਫੈਲ ਸਕਦਾ ਹੈ।

### ਫੇਫੜੇ ਦੇ ਕੈਂਸਰ ਦੇ ਪੜਾਅ

ਤੁਹਾਡਾ ਡਾਕਟਰ ਇਹ ਪਤਾ ਲਗਾਉਣ ਲਈ ਜਾਂਚਾਂ ਕਰੇਗਾ ਕਿ ਫੇਫੜੇ ਦਾ ਕੈਂਸਰ ਕਿਸ ਪੜਾਅ ਵਿੱਚ ਹੈ। ਕੈਂਸਰ ਦਾ ਪੜਾਅ ਤੁਹਾਨੂੰ ਦੱਸਦਾ ਹੈ ਕਿ ਇਹ ਕਿੰਨਾ ਵੱਧ ਗਿਆ ਹੈ ਅਤੇ ਇਹ ਫੈਲ ਗਿਆ ਹੈ ਜਾਂ ਨਹੀਂ। ਕਈ ਵਾਰ, ਕੈਂਸਰ ਕੋਸ਼ਿਕਾਵਾਂ ਖੂਨ ਜਾਂ ਲਿੰਫੈਟਿਕ ਸਿਸਟਮ ਰਾਹੀਂ ਲੰਘ ਕੇ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਫੈਲ ਜਾਂਦੀਆਂ ਹਨ।

ਕੈਂਸਰ ਦੇ ਪੜਾਅ ਬਾਰੇ ਜਾਣਨ ਨਾਲ ਤੁਹਾਡੇ ਡਾਕਟਰਾਂ ਨੂੰ ਤੁਹਾਡੇ ਲਈ ਬਿਹਤਰੀਨ ਇਲਾਜ ਦੀ ਯੋਜਨਾ ਬਣਾਉਣ ਵਿੱਚ ਮਦਦ ਮਿਲਦੀ ਹੈ।

ਫੇਫੜੇ ਦੇ ਕੈਂਸਰ ਨੂੰ ਚਾਰ ਪੜਾਵਾਂ ਵਿੱਚ ਵੰਡਿਆ ਗਿਆ ਹੈ:

- **ਪੜਾਅ 1** – ਕੈਂਸਰ ਛੋਟਾ ਹੈ ਅਤੇ ਸਿਰਫ ਫੇਫੜੇ ਵਿੱਚ ਹੈ।
- **ਪੜਾਅ 2 ਜਾਂ 3** – ਫੇਫੜੇ ਵਿੱਚਲਾ ਕੈਂਸਰ ਥੋੜ੍ਹਾ ਵੱਡਾ ਹੈ। ਇਹ ਆਮ ਤੌਰ ਤੇ ਫੇਫੜੇ ਦੇ ਆਸ-ਪਾਸ ਦੇ ਖੇਤਰਾਂ ਵਿੱਚ ਫੈਲ ਗਿਆ ਹੈ।
- **ਪੜਾਅ 4** – ਕੈਂਸਰ, ਹੋਰ ਜ਼ਿਆਦਾ ਫੈਲ ਗਿਆ ਹੈ, ਉਦਾਹਰਣ ਲਈ ਜਿਵੇਂ, ਦੂਜੇ ਫੇਫੜੇ ਜਾਂ ਸਰੀਰ ਦੇ ਹੋਰਨਾਂ ਹਿੱਸਿਆਂ ਵਿੱਚ।

ਜੇ ਤੁਹਾਨੂੰ ਛੋਟੀ ਕੋਸ਼ਿਕਾ ਫੇਫੜੇ ਦਾ ਕੈਂਸਰ ਹੈ, ਤਾਂ ਹੋ ਸਕਦਾ ਹੈ ਕਿ ਤੁਹਾਡੇ ਡਾਕਟਰ ਇੱਕ ਵੱਖਰੀ ਪੜਾਅ ਪ੍ਰਣਾਲੀ ਵਰਤਣ। ਇਹ ਫੇਫੜੇ ਦੇ ਕੈਂਸਰ ਨੂੰ ਦੋ ਪੜਾਵਾਂ ਵਿੱਚ ਵੰਡਦੀ ਹੈ – ਸੀਮਿਤ ਬਿਮਾਰੀ ਅਤੇ ਵਿਸਤ੍ਰਿਤ ਬਿਮਾਰੀ। ਜੇ ਤੁਹਾਡੇ ਡਾਕਟਰ ਇਹ ਪ੍ਰਣਾਲੀ ਵਰਤਦੇ ਹਨ ਤਾਂ ਉਹ ਤੁਹਾਨੂੰ ਇਸ ਬਾਰੇ ਸਮਝਾਉਣਗੇ।

## ਇਲਾਜ ਦੀ ਯੋਜਨਾ ਕਿਵੇਂ ਬਣਾਈ ਜਾਂਦੀ ਹੈ

ਤੁਹਾਡੀ ਸਿਹਤ-ਦੇਖਭਾਲ ਟੀਮ ਅਜਿਹੇ ਇਲਾਜ ਦੀ ਯੋਜਨਾ ਬਣਾਏਗੀ ਜੋ ਉਨ੍ਹਾਂ ਨੂੰ ਲਗਦਾ ਹੈ ਕਿ ਤੁਹਾਡੀ ਲਈ ਬੇਹਤਰ ਹੈ।
ਤੁਹਾਡਾ ਡਾਕਟਰ ਜਾਂ ਨਰਸ ਤੁਹਾਡੇ ਨਾਲ ਇਲਾਜ ਯੋਜਨਾ ਬਾਰੇ ਗੱਲ ਕਰਣਗੇ। ਤੁਹਾਡੀ ਇਲਾਜ ਯੋਜਨਾ ਕਈ ਚੀਜ਼ਾਂ ਤੇ ਨਿਰਭਰ ਕਰਦੀ ਹੈ, ਜਿਵੇਂ ਕਿ:

- ਤੁਹਾਨੂੰ ਹੋਣ ਵਾਲੇ ਫੇਫੜੇ ਦੇ ਕੈਂਸਰ ਦੀ ਕਿਸਮ
- ਕੈਂਸਰ ਦਾ ਪੜਾਅ
- ਵੱਖ-ਵੱਖ ਇਲਾਜਾਂ ਦੇ ਲਾਭ ਅਤੇ ਜੋਖਮ
- ਤੁਹਾਡੀ ਸਧਾਰਨ ਸਿਹਤ
- ਤੁਹਾਡੀਆਂ ਨਿਜੀ ਪ੍ਰਾਥਮਿਕਤਾਵਾਂ।

## ਤੁਹਾਡੀ ਸਿਹਤ-ਦੇਖਭਾਲ ਟੀਮ ਦੇ ਨਾਲ ਗੱਲ ਕਰਨਾ

ਇਹ ਜ਼ਰੂਰੀ ਹੁੰਦਾ ਹੈ ਕਿ ਤੁਸੀਂ ਇਸ ਇਲਾਜ ਯੋਜਨਾ ਬਾਰੇ ਆਪਣੇ ਕੈਂਸਰ ਦੇ ਡਾਕਟਰ ਜਾਂ ਨਰਸ ਨਾਲ ਗੱਲ ਕਰੋ, ਤਾਂ ਜੋ ਤੁਸੀਂ ਸਮਝ ਸਕੋ ਕਿ ਇਸਦਾ ਕੀ ਮਤਲਬ ਹੈ। ਤੁਸੀਂ ਇਸ ਬਾਰੇ ਕਿਸੇ ਰਿਸ਼ਤੇਦਾਰ ਜਾਂ ਦੋਸਤ ਨਾਲ ਵੀ ਗੱਲ ਕਰਨਾ ਚਾਹ ਸਕਦੇ ਹੋ।

ਤੁਹਾਡੇ ਨਾਲ ਗੱਲ ਕਰਨ ਤੋਂ ਬਾਅਦ, ਤੁਹਾਡਾ ਡਾਕਟਰ ਇਹ ਦਿਖਾਉਣ ਲਈ ਤੁਹਾਨੂੰ ਇੱਕ ਫਾਰਮ ਦੇ ਹਸਤਾਖਰ ਕਰਨ ਲਈ ਕਹੇਗਾ ਕਿ ਤੁਸੀਂ ਇਲਾਜ ਨੂੰ ਸਮਝਦੇ ਹੋ ਅਤੇ ਇਸਲਈ ਸਹਿਮਤ ਹੋਏ ਹੋ। ਇਸਨੂੰ ਤੁਹਾਡੀ ਸਹਿਮਤੀ ਦੇਣਾ ਕਿਹਾ ਜਾਂਦਾ ਹੈ। ਤੁਹਾਨੂੰ ਉਦੋਂ ਤਕ ਇਲਾਜ ਪ੍ਰਦਾਨ ਨਹੀਂ ਕੀਤਾ ਜਾਏਗਾ ਜਦੋਂ ਤਕ ਤੁਸੀਂ ਇਸਲਈ ਸਹਿਮਤ ਨਹੀਂ ਹੁੰਦੇ ਹੋ।

ਆਪਣੇ ਨਾਲ ਕਿਸੇ ਅਜਿਹੇ ਵਿਅਕਤੀ ਨੂੰ ਲਿਆਉਣਾ ਇੱਕ ਚੰਗੀ ਤਰਕੀਬ ਹੈ ਜੋ ਪੰਜਾਬੀ ਅਤੇ ਅੰਗ੍ਰੇਜ਼ੀ ਦੋਵੇਂ ਬੋਲ ਸਕਦਾ ਹੋਏ। ਤੁਹਾਡਾ ਹਸਪਤਾਲ ਤੁਹਾਡੇ ਲਈ ਦੁਭਾਸ਼ੀਏ ਦੀ ਵਿਵਸਥਾ ਕਰ ਸਕਦਾ ਹੈ। ਆਪਣੀ ਨਰਸ ਨੂੰ ਦੱਸੋ ਜੇ ਤੁਹਾਨੂੰ ਇਸਦੀ ਲੋੜ ਹੈ।

### ਆਪਣੇ ਇਲਾਜ ਬਾਰੇ ਪੁੱਛਣ ਲਈ ਸਵਾਲ

ਇੱਥੇ ਕੁਝ ਸਵਾਲ ਹਨ ਜੋ ਤੁਸੀਂ ਆਪਣੀ ਸਿਹਤ-ਦੇਖਭਾਲ ਟੀਮ ਤੋਂ ਪੁੱਛ ਸਕਦੇ ਹੋ ਅਤੇ ਇਹ ਯਕੀਨੀ ਬਣਾ ਸਕਦੇ ਹੋ ਕਿ ਤੁਸੀਂ ਇਲਾਜ ਬਾਰੇ ਅਤੇ ਇਹ ਤੁਹਾਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਹੈ, ਬਾਰੇ ਸਮਝਦੇ ਹੋ:

- ਮੇਰੇ ਇਲਾਜ ਦਾ ਕੀ ਉਦੇਸ਼ ਹੈ?
- ਕਿਹੜੇ ਇਲਾਜ ਉਪਲਬਧ ਹਨ?
- ਹਰੇਕ ਇਲਾਜ ਦੇ ਕੀ ਲਾਭ, ਜੋਖਮ ਅਤੇ ਮਾੜੇ ਪ੍ਰਭਾਵ ਹਨ?
- ਇਲਾਜ ਦਾ ਮੇਰੇ ਦੈਨਿਕ ਜੀਵਨ ਉੱਤੇ ਕੀ ਅਸਰ ਪਏਗਾ?
- ਮੈਂ ਕਿਵੇਂ ਮਹਿਸੂਸ ਕਰ ਰਿਹਾ/ਰਹੀ ਹਾਂ ਇਸ ਬਾਰੇ ਮੈਂ ਕਿਸਦੇ ਨਾਲ ਗੱਲ ਕਰ ਸਕਦਾ/ਦੀ ਹਾਂ?

# ਫੇਫੜੇ ਦੇ ਕੈਂਸਰ ਦੇ ਇਲਾਜ

ਫੇਫੜੇ ਦੇ ਕੈਂਸਰ ਲਈ ਇਲਾਜਾਂ ਵਿੱਚ ਇਹ ਸ਼ਾਮਲ ਹਨ:




- ਆਪਰੇਸ਼ਨ (ਸਰਜਰੀ)
- ਕੈਂਸਰ ਦੀਆਂ ਦਵਾਈਆਂ (ਕੀਮੋਥੈਰੇਪੀ ਜਾਂ ਨਿਯਤ ਥੈਰੇਪੀ)
- ਰੇਡੀਓਥੈਰੇਪੀ।

ਤੁਹਾਡੇ ਇੱਕ ਤੋਂ ਵਧ ਕਿਸਮ ਦੇ ਇਲਾਜ ਕੀਤੇ ਜਾ ਸਕਦੇ ਹਨ। ਇਹ ਇਲਾਜ ਤੁਹਾਡੇ ਫੇਫੜੇ ਦੇ ਕੈਂਸਰ ਦੀ ਕਿਸਮ ਤੇ ਅਤੇ ਕੈਂਸਰ ਦੇ ਪੜਾਅ ਤੇ ਵੀ ਨਿਰਭਰ ਕਰੇਗਾ।

### ਸਰਜਰੀ

ਕੁਝ ਲੋਕਾਂ ਲਈ, ਕੈਂਸਰ ਨੂੰ ਆਪਰੇਸ਼ਨ ਨਾਲ ਕੱਢ ਦੇਣਾ ਸੰਭਵ ਹੋ ਸਕਦਾ ਹੈ।
ਇਹ ਕੈਂਸਰ ਦੀ ਕਿਸਮ ਅਤੇ ਪੜਾਅ, ਅਤੇ ਤੁਹਾਡੀ ਸਧਾਰਨ ਸਿਹਤ ਤੇ ਨਿਰਭਰ ਕਰਦਾ ਹੈ। ਸਮਾਲ ਸੈੱਲ ਲੰਗ ਕੈਂਸਰ ਦਾ ਇਲਾਜ ਕਰਨ ਲਈ ਸਰਜਰੀ ਦਾ ਇਸਤੇਮਾਲ ਬਹੁਤ ਘੱਟ ਕੀਤਾ ਜਾਂਦਾ ਹੈ। ਇਸਦੀ ਬਜਾਏ ਦੂਜੇ ਇਲਾਜ ਵਰਤੇ ਜਾਂਦੇ ਹਨ।

ਸਰਜਰੀ ਤੋਂ ਪਹਿਲਾਂ, ਤੁਹਾਡੇ ਇਹ ਜਾਂਚਣ ਲਈ ਕੁਝ ਟੈਸਟ ਕੀਤੇ ਜਾਣਗੇ ਕਿ ਤੁਹਾਡੇ ਫੇਫੜੇ ਕਿੰਨੀ ਚੰਗੀ ਤਰ੍ਹਾਂ ਕੰਮ ਕਰ ਰਹੇ ਹਨ।
ਫੇਫੜੇ ਦੇ ਕੈਂਸਰ ਨੂੰ ਕੱਢਣ ਵਾਲੇ ਤਿੰਨ ਮੁੱਖ ਆਪਰੇਸ਼ਨ ਹੇਠਾਂ ਦਰਸਾਏ ਗਏ ਹਨ।

| **ਫੇਫੜੇ ਦੇ ਇੱਕ ਹਿੱਸੇ ਨੂੰ ਕੱਢਣਾ (ਲੋਬੇਕਟੋਮੀ)** | **ਪੂਰੇ ਦੇ ਪੂਰੇ ਫੇਫੜੇ ਨੂੰ ਕੱਢਣਾ (ਨਿਊਮੋਨੇਕਟੋਮੀ)** | **ਫੇਫੜੇ ਦੇ ਛੋਟੇ ਹਿੱਸੇ ਨੂੰ ਕੱਢਣਾ (ਵੇਜ ਰੀਸੇਕਸ਼ਨ)** |
|---|---|---|
|  |  |  |

ਕਈ ਵਾਰ ਫੇਫੜੇ ਦੇ 2 ਹਿੱਸੇ (ਲੋਬਜ਼) ਨਿਕਾਲ ਦਿੱਤੇ ਜਾਂਦੇ ਹਨ। ਸਰਜਨ ਇਹ ਆਪਰੇਸ਼ਨ ਕਰ ਸਕਦਾ ਹੈ ਜੇ ਕੈਂਸਰ ਇੱਕ ਦੂਜੇ ਦੇ ਨੇੜੇ ਦੋ ਲੋਬਜ਼ ਵਿੱਚ ਫੈਲ ਗਿਆ ਹੈ। ਇਸ ਆਪਰੇਸ਼ਨ ਨੂੰ ਕਈ ਵਾਰ ਬਾਇਲੋਬੇਕਟੋਮੀ ਕਿਹਾ ਜਾਂਦਾ ਹੈ।

ਸਾਡੇ ਕੋਲ ਤੁਹਾਡੀ ਭਾਸ਼ਾ ਵਿੱਚ ਇਸ ਬਾਰੇ ਜਾਣਕਾਰੀ ਮੌਜੂਦ ਹੈ ਕਿ ਸਰਜਰੀ ਦੀ ਯੋਜਨਾ ਕਿਵੇਂ ਬਣਾਈ ਜਾਂਦੀ ਹੈ ਅਤੇ ਆਪਰੇਸ਼ਨ ਤੋਂ ਬਾਅਦ ਕੀ ਉਮੀਦ ਕੀਤੀ ਜਾਂਦੀ ਹੈ। ਇਸ ਵੈਬਸਾਈਟ ਤੇ ਜਾਓ **macmillan.org.uk/translations**।

## ਕੀਮੋਥੈਰੇਪੀ

ਕੀਮੋਥੈਰੇਪੀ ਕੈਂਸਰ ਕੋਸ਼ਿਕਾਵਾਂ ਨੂੰ ਨਸ਼ਟ ਕਰਨ ਲਈ ਦਵਾਈਆਂ ਦੀ ਵਰਤੋਂ ਕਰਦੀ ਹੈ।

ਕੀਮੋਥੈਰੇਪੀਦਾ ਇਸਤੇਮਾਲ ਵੱਖ-ਵੱਖ ਕਾਰਨਾਂ ਲਈ ਵੱਖ-ਵੱਖ ਸਮਿਆਂ ਤੇ ਕੀਤਾ ਜਾ ਸਕਦਾ ਹੈ।

| **ਕਦੋਂ?** | **ਕਿਉਂ?** |
|---|---|
| ਸਰਜਰੀ ਜਾਂ ਰੇਡਿਓਥੈਰੇਪੀ ਤੋਂ ਪਹਿਲਾਂ | ਕੈਂਸਰ ਨੂੰ ਸੁੰਗਾੜਣ ਲਈ |
| ਸਰਜਰੀ ਜਾਂ ਰੇਡਿਓਥੈਰੇਪੀ ਤੋਂ ਬਾਅਦ | ਅੰਦਰ ਰਹਿ ਚੁੱਕੀਆਂ ਕਿਸੇ ਵੀ ਕੈਂਸਰ ਕੋਸ਼ਿਕਾਵਾਂ ਨੂੰ ਨਸ਼ਟ ਕਰਨ ਲਈ |
| ਰੇਡੀਓਥੈਰੇਪੀ<br>ਕਰਨ ਦੇ ਸਮੇਂ ਤੇ ਹੀ (ਇਸਨੂੰ ਕੀਮੋਰੇਡੀਏਸ਼ਨ ਕਿਹਾ ਜਾਂਦਾ ਹੈ) | ਇਸ ਪ੍ਰਬਲ ਇਲਾਜ ਦਾ ਇਸਤੇਮਾਲ ਉਦੋਂ ਕੀਤਾ ਜਾ ਸਕਦਾ ਹੈ ਜੇ ਆਪਰੇਸ਼ਨ ਕਰਨਾ ਸੰਭਵ ਨਾ ਹੋਵੇ, ਜਾਂ ਜੇ ਕੈਂਸਰ ਫੇਫੜਿਆਂ ਤੋਂ ਬਾਹਰ ਫੈਲ ਗਿਆ ਹੋਵੇ |
| ਟਾਰਗੇਟਿਡ ਜਾਂ ਇਮਊਨੋਥੈਰੇਪੀ ਦਵਾਈਆਂ ਦੇ ਨਾਲ | ਕੈਂਸਰ ਨੂੰ ਸੁੰਗੜਣ ਅਤੇ ਨਿਯੰਤ੍ਰਿਤ ਕਰਨ ਵਿੱਚ ਮਦਦ ਕਰਨ ਲਈ |
| ਇਸਨੂੰ ਇਕੱਲੇ ਹੀ ਦਿੱਤਾ ਜਾਂਦਾ ਹੈ, ਵਿਕਸਤ ਕੈਂਸਰ ਨੂੰ ਨਿਯੰਤ੍ਰਿਤ ਕਰਨ ਲਈ (ਇਸਨੂੰ ਪੀੜਾਹਾਰੀ ਇਲਾਜ ਕਹਿੰਦੇ ਹਨ) | ਅਜਿਹੇ ਕੈਂਸਰ ਨੂੰ ਨਿਯੰਤ੍ਰਿਤ ਕਰਨ ਲਈ ਜੋ ਵਿਕਸਤ ਹੋ ਚੁੱਕਾ ਹੈ ਅਤੇ ਲੱਛਣਾਂ ਨੂੰ ਘਟਾਉਣ ਵਿੱਚ ਮਦਦ ਕਰਨ ਲਈ |

ਕੀਮੋਥੈਰੇਪੀ ਆਮ ਤੌਰ ਤੇ, ਇਲਾਜਾਂ ਦੇ ਦਰਮਿਆਨ ਆਰਾਮ ਅਵਧੀਆਂ ਦੇ ਨਾਲ, ਇਲਾਜ ਦੇ ਕਈ ਸਾਰੇ ਸੱਤਰਾਂ ਤੇ ਦਿੱਤੀ ਜਾਂਦੀ ਹੈ। ਇਹ ਇਲਾਜ ਆਮ ਤੌਰ ਤੇ ਡ੍ਰਿਪ ਜਾਂ ਇੰਜੈਕਸ਼ਨ ਰਾਹੀਂ ਨੱਸ ਵਿੱਚ ਦਿੱਤਾ ਜਾਂਦਾ ਹੈ। ਤੁਹਾਡਾ ਡਾਕਟਰ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਕਿੰਨੇ ਇਲਾਜ ਸੱਤਰਾਂ ਦੀ ਲੋੜ ਹੋਏਗੀ ਅਤੇ ਇਸਨੂੰ ਕਿੰਨਾ ਸਮਾਂ ਲੱਗੇਗਾ। ਕੀਮੋਥੈਰੇਪੀ ਦੇ ਆਪਣੇ ਕੋਰਸ ਨੂੰ ਪੂਰਾ ਕਰਨ ਵਿੱਚ ਕਈ ਮਹੀਨੇ ਲੱਗ ਸਕਦੇ ਹਨ।

ਨਾਨ-ਸਮਾਲ ਲੰਗ ਕੈਂਸਰ ਵਾਲੇ ਕੁਝ ਲੋਕ ਕੀਮੋਥੈਰੇਪੀ ਨੂੰ ਜਾਰੀ ਰੱਖਦੇ ਹਨ ਜੇ ਇਹ ਕਾਰਗਰ ਹੁੰਦੀ ਹੈ। ਇਸਨੂੰ ਕਈ ਵਾਰ ਰਖਰਖਾਵ (ਮੇਨਟੇਨੈਂਸ) ਇਲਾਜ ਕਿਹਾ ਜਾਂਦਾ ਹੈ।

### ਕੀਮੋਥੈਰੇਪੀ ਦੇ ਮਾੜੇ ਪ੍ਰਭਾਵ

ਕੀਮੋਥੈਰੇਪੀ ਦਵਾਈਆਂ ਦੇ ਕਾਰਨ ਅਜਿਹੇ ਮਾੜੇ ਪ੍ਰਭਾਵ ਹੋ ਸਕਦੇ ਹਨ ਜਿਸਦੇ ਨਾਲ ਤੁਸੀਂ ਅਸੁਅਸਥ ਮਹਿਸੂਸ ਕਰ ਸਕਦੇ ਹੋ। ਜੇ ਤੁਹਾਡੀ ਰੇਡੀਓਥੈਰੇਪੀ ਦੇ ਨਾਲ ਕੀਮੋਥੈਰੇਪੀ ਹੁੰਦੀ ਹੈ, ਤਾਂ ਮਾੜੇ ਪ੍ਰਭਾਵ ਹੋਰ ਵੀ ਬਦਤਰ ਹੋ ਸਕਦੇ ਹਨ।

ਤੁਹਾਡਾ ਡਾਕਟਰ ਤੁਹਾਨੂੰ ਹੋ ਸਕਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਅਤੇ ਇਨ੍ਹਾਂ ਨੂੰ ਨਿਯੰਤ੍ਰਿਤ ਕਿਵੇਂ ਕਰਨਾ ਹੈ, ਬਾਰੇ ਤੁਹਾਡੇ ਨਾਲ ਗੱਲ ਕਰ ਸਕਦਾ ਹੈ। ਜ਼ਿਆਦਾਤਰ ਮਾੜੇ ਪ੍ਰਭਾਵਾਂ ਨੂੰ ਦੂਜੀਆਂ ਦਵਾਈਆਂ ਦੇ ਨਾਲ ਨਿਯੰਤ੍ਰਿਤ ਕੀਤਾ ਜਾ ਸਕਦਾ ਹੈ ਅਤੇ ਬਹੁਤੇ ਤਾਂ ਤੁਹਾਡੀ ਕੀਮੋਥੈਰੇਪੀ ਖਤਮ ਹੋਣ ਤੋਂ ਬਾਅਦ ਠੀਕ ਹੋ ਜਾਂਦੇ ਹਨ।

ਸਾਡੇ ਕੋਲ ਤੁਹਾਡੀ ਭਾਸ਼ਾ ਵਿੱਚ ਕੀਮੋਥੈਰੇਪੀ ਬਾਰੇ ਅਤੇ ਕੁਝ ਮਾੜੇ ਪ੍ਰਭਾਵ ਜੋ ਤੁਹਾਨੂੰ ਹੋ ਸਕਦੇ ਹਨ, ਬਾਰੇ ਵਧੇਰੇ ਜਾਣਕਾਰੀ ਉਪਲਬਧ ਹੈ। ਇਸ ਵੈਬਸਾਈਟ ਤੇ ਜਾਓ **macmillan.org.uk/translations**।

## ਰੇਡੀਓਥੈਰੇਪੀ

ਰੇਡੀਓਥੈਰੇਪੀ ਵਿੱਚ ਕੈਂਸਰ ਕੋਸ਼ਿਕਾਵਾਂ ਨੂੰ ਨਸ਼ਟ ਕਰਨ ਲਈ ਉੱਚ-ਊਰਜਾ ਕਿਰਨਾਂ, ਜਿਵੇਂ ਕਿ ਐਕਸ-ਰੇ, ਵਰਤੀਆਂ ਜਾਂਦੀਆਂ ਹਨ।
ਇਸਨੂੰ ਵੱਖ-ਵੱਖ ਕਾਰਨਾਂ ਲਈ ਦਿੱਤਾ ਜਾ ਸਕਦਾ ਹੈ।

| **ਕਦੋਂ?** | **ਕਿਉਂ?** |
|---|---|
| ਇਸ ਨੂੰ ਇਕੱਲੇ ਹੀ ਇੱਕ ਮੁੱਖ ਇਲਾਜ ਦੇ ਰੂਪ ਵਿੱਚ | ਸ਼ੁਰੂਆਤੀ ਪੜਾਅ ਦੇ ਫੇਫੜੇ ਦੇ ਕੈਂਸਰ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰਨ ਲਈ |
| ਆਪਰੇਸ਼ਨ ਤੋਂ ਬਾਅਦ | ਅੰਦਰ ਰਹਿ ਚੁੱਕੀਆਂ ਕਿਸੇ ਵੀ ਕੈਂਸਰ ਕੋਸ਼ਿਕਾਵਾਂ ਨੂੰ ਨਸ਼ਟ ਕਰਨ ਲਈ |
| ਕੀਮੋਥੈਰੇਪੀ ਦੇ ਨਾਲ ਉਸੇ ਸਮੇਂ ਤੇ (ਇਸਨੂੰ ਕੀਮੋਰੇਡੀਏਸ਼ਨ ਕਿਹਾ ਜਾਂਦਾ ਹੈ) | ਇਸ ਪ੍ਰਬਲ ਇਲਾਜ ਦਾ ਇਸਤੇਮਾਲ ਉਦੋਂ ਕੀਤਾ ਜਾ ਸਕਦਾ ਹੈ ਜੇ ਆਪਰੇਸ਼ਨ ਕਰਨਾ ਸੰਭਵ ਨਾ ਹੋਵੇ, ਜਾਂ ਜੇ ਕੈਂਸਰ ਫੇਫੜਿਆਂ ਤੋਂ ਬਾਹਰ ਫੈਲ ਗਿਆ ਹੋਵੇ |
| ਕੀਮੋਥੈਰੇਪੀ ਤੋਂ ਪਹਿਲਾਂ ਜਾਂ ਬਾਅਦ | ਕੈਂਸਰ ਨੂੰ ਸੁੰਗਾੜਣ ਜਾਂ ਨਿਯੰਤ੍ਰਿਤ ਕਰਨ ਲਈ |
| ਇਸਨੂੰ ਇਕੱਲੇ ਹੀ ਦਿੱਤਾ ਜਾਂਦਾ ਹੈ, ਲੱਛਣਾਂ ਨੂੰ ਨਿਯੰਤ੍ਰਿਤ ਕਰਨ ਲਈ (ਇਸਨੂੰ ਪੀੜਾਹਾਰੀ ਇਲਾਜ ਕਹਿੰਦੇ ਹਨ) | ਕੈਂਸਰ ਕਰਕੇ ਹੋਣ ਵਾਲੇ ਲੱਛਣਾਂ ਨੂੰ ਨਿਯੰਤ੍ਰਿਤ ਕਰਨ ਲਈ ਜਿਵੇਂ ਸਾਹ ਚੜ੍ਹਣਾ ਜਾਂ ਦਰਦ |

ਛੋਟੀ ਕੋਸ਼ਿਕਾ ਫੇਫੜੇ ਦੇ ਕੈਂਸਰ ਵਾਲੇ ਕੁਝ ਲੋਕਾਂ ਦੇ ਦਿਮਾਗ ਦੀ ਰੇਡਿਓਥੈਰੇਪੀ ਹੁੰਦੀ ਹੈ। ਇਸਨੂੰ ਅਜਿਹੀਆਂ ਕਿਸੇ ਕੈਂਸਰ ਕੋਸ਼ਿਕਾਵਾਂ ਨੂੰ ਇੱਕ ਨਵੇਂ ਟਿਊਮਰ ਵਿੱਚ ਵਿਕਸਤ ਹੋਣ ਤੋਂ ਰੋਕਣ ਲਈ ਦਿੱਤਾ ਜਾਂਦਾ ਹੈ ਜੋ ਦਿਮਾਗ ਵਿੱਚ ਫੈਲੀਆਂ ਹੋ ਸਕਦੀਆਂ ਹਨ। ਜੇ ਤੁਹਾਨੂੰ ਇਸ ਇਲਾਜ ਦੀ ਲੋੜ ਹੈ, ਤਾਂ ਤੁਹਾਡਾ ਡਾਕਟਰ ਜਾਂ ਨਰਸ ਤੁਹਾਨੂੰ ਇਸ ਬਾਰੇ ਸਮਝਾਉਣਗੇ।

ਰੇਡੀਓਥੈਰੇਪੀ ਕਰਾਉਣ ਦੇ ਵੱਖ-ਵੱਖ ਤਰੀਕੇ ਹਨ। ਇਸਨੂੰ ਅਕਸਰ ਸਰੀਰ ਦੇ ਬਾਹਰੋਂ ਦੀ ਇੱਕ ਮਸ਼ੀਨ ਦੁਆਰਾ ਦਿੱਤਾ ਜਾਂਦਾ ਹੈ (ਬਾਹਰੀ ਰੇਡੀਓਥੈਰੇਪੀ):



ਤੁਹਾਡਾ ਕੈਂਸਰ ਦਾ ਡਾਕਟਰ ਤੁਹਾਨੂੰ ਹੋਣ ਵਾਲੀ ਰੇਡਿਓਥੈਰੇਪੀ ਦੀ ਕਿਸਮ ਬਾਰੇ ਹੋਰ ਜਾਣਕਾਰੀ ਦਏਗਾ।

ਬਹੁਤ ਸਾਰੇ ਲੋਕਾਂ ਦੀ ਰੇਡਿਓਥੈਰੇਪੀ, ਆਉਟਪੇਸ਼ੰਟ ਦੇ ਰੂਪ ਵਿੱਚ ਹੁੰਦੀ ਹੈ। ਇਸਦਾ ਮਤਲਬ ਹੈ ਕਿ ਤੁਸੀਂ ਇਲਾਜ ਲਈ ਹਸਪਤਾਲ ਆਉਂਦੇ ਹੋ ਅਤੇ ਫਿਰ ਉਸ ਦਿਨ ਦੁਬਾਰਾ ਘਰ ਵਾਪਸ ਚਲੇ ਜਾਂਦੇ ਹੋ।

ਤੁਹਾਡੀ ਇਲਾਜ ਯੋਜਨਾ ਤੁਹਾਨੂੰ ਹੋਣ ਵਾਲੇ ਫੇਫੜੇ ਦੇ ਕੈਂਸਰ ਦੀ ਕਿਸਮ, ਕੈਂਸਰ ਦੇ ਪੜਾਅ ਅਤੇ ਤੁਹਾਡੀ ਆਮ ਸਿਹਤ ਉੱਤੇ ਨਿਰਭਰ ਕਰਦੀ ਹੈ। ਤੁਹਾਡਾ ਕੈਂਸਰ ਡਾਕਟਰ ਤੁਹਾਨੂੰ ਦੱਸੇਗਾ ਕਿ ਤੁਹਾਡੇ ਰੇਡਿਓਥੈਰੇਪੀ ਇਲਾਜ ਵਿੱਚ ਕੀ ਸ਼ਾਮਲ ਹੋਏਗਾ।

ਸਾਡੇ ਕੋਲ ਤੁਹਾਡੀ ਭਾਸ਼ਾ ਵਿੱਚ ਰੇਡੀਓਥੈਰੇਪੀ ਬਾਰੇ ਵਧੇਰੇ ਜਾਣਕਾਰੀ ਉਪਲਬਧ ਹੈ। ਇਸ ਵੈਬਸਾਈਟ ਤੇ ਜਾਓ**macmillan.org.uk/translations**

## ਟਾਰਗੇਟਿਡ ਥੈਰੇਪੀ ਅਤੇ ਇਮਊਨੋਥੈਰੇਪੀ ਦਵਾਈਆਂ

ਇਹ ਦਵਾਈਆਂ ਫੈਲ ਚੁੱਕੇ ਗੈਰ-ਛੋਟੀ ਕੋਸ਼ਿਕਾ ਫੇਫੜੇ ਦੇ ਕੈਂਸਰ ਦਾ ਇਲਾਜ ਕਰਨ ਲਈ ਵਰਤੀਆਂ ਜਾ ਸਕਦੀਆਂ ਹਨ। ਇਹ ਕੈਂਸਰ ਨੂੰ ਸੁੰਘੜਣ ਵਿੱਚ ਅਤੇ ਘੱਟ ਤੇਜ਼ੀ ਨਾਲ ਵਿਕਸਤ ਹੋਣ ਵਿੱਚ ਮਦਦ ਕਰ ਸਕਦੀਆਂ ਹਨ। ਤੁਸੀਂ ਇਹ ਦਵਾਈਆਂ ਇਕੱਲੀਆਂ ਜਾਂ ਕੀਮੋਥੈਰੇਪੀ ਦੇ ਨਾਲ ਲੈ ਸਕਦੇ ਹੋ।

ਨਿਯਤ ਥੈਰੇਪੀ ਦਵਾਈਆਂ ਕੈਂਸਰ ਕੋਸ਼ਿਕਾਵਾਂ ਨੂੰ ਵਿਕਸਤ ਹੋਣ ਅਤੇ ਵਧਣ ਤੋਂ ਰੋਕ ਸਕਦੀਆਂ ਹਨ। ਤੁਸੀਂ ਇਨ੍ਹਾਂ ਨੂੰ ਗੋਲੀਆਂ ਜਾਂ ਕੈਪਸੂਲਾਂ ਦੇ ਰੂਪ ਵਿੱਚ ਲੈਂਦੇ ਹੋ। ਤੁਹਾਨੂੰ ਟੈਸਟ ਕਰਵਾਉਣ ਦੀ ਲੋੜ ਹੋ ਸਕਦੀ ਹੈ ਇਹ ਪਤਾ ਲਗਾਉਣ ਲਈ ਕਿ ਕੀ ਇਨ੍ਹਾਂ ਦਾ ਤੁਹਾਡੇ ਉੱਤੇ ਅਸਰ ਹੋਣ ਦੀ ਸੰਭਾਵਨਾ ਹੈ। ਜੇ ਕਿਸੇ ਦਵਾ ਦੇ ਤੁਹਾਡੇ ਲਈ ਚੰਗੀ ਕਿਰਿਆ ਕਰਨ ਦੀ ਸੰਭਾਵਨਾ ਹੈ, ਤਾਂ ਇਹ ਤੁਹਾਡੇ ਪਹਿਲੇ ਇਲਾਜ ਦੇ ਰੂਪ ਵਿੱਚ ਦਿੱਤੀ ਜਾ ਸਕਦੀ ਹੈ।

ਇਮਊਨੋਥੈਰੇਪੀ ਦਵਾਈਆਂ ਪ੍ਰਤੀਰੱਖਿਆ ਪ੍ਰਣਾਲੀ ਦੀ ਮਦਦ ਕੈਂਸਰ ਕੋਸ਼ਿਕਾਵਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਨਸ਼ਟ ਕਰਨ ਵਿੱਚ ਕਰਦੀਆਂ ਹਨ। ਦਵਾਈਆਂ ਨੂੰ ਡ੍ਰਿਪ ਰਾਹੀਂ ਨੱਸ ਵਿੱਚ ਦਿੱਤਾ ਜਾਂਦਾ ਹੈ। ਕਈ ਵਾਰ ਇਮਊਨੋਥੈਰੇਪੀ ਦਵਾਈਆਂ ਨੂੰ ਦੂਜੀ ਲਕਸ਼ਿਤ ਜਾਂ ਇਮਊਨੋਥੈਰੇਪੀ ਦਵਾ ਦੇ ਨਾਲ ਦਿੱਤਾ ਜਾਂਦਾ ਹੈ।

## ਹੋਰ ਇਲਾਜ

ਫੇਫੜੇ ਕੈਂਸਰ ਦਾ ਇਲਾਜ ਕਰਨ ਜਾਂ ਲੱਛਣਾਂ ਨੂੰ ਨਿਯੰਤ੍ਰਿਤ ਕਰਨ ਲਈ ਹੋਰ ਇਲਾਜ ਵੀ ਵਰਤੇ ਜਾ ਸਕਦੇ ਹਨ।

ਰੇਡੀਓਫ੍ਰੀਕਵੇਂਸੀ ਐਬਲੇਸ਼ਨ (RFA)ਕੈਂਸਰ ਕੋਸ਼ਿਕਾਵਾਂ ਨੂੰ ਨਸ਼ਟ ਕਰਨ ਲਈ ਤਾਪ (ਗਰਮੀ) ਦਾ ਇਸਤੇਮਾਲ ਕਰਦੀ ਹੈ। ਡਾਕਟਰ ਟਿਊਮਰ ਵਿੱਚ ਸੂਈ ਪਾਉਂਦਾ ਹੈ ਅਤੇ ਇਸਦੇ ਰਾਹੀਂ ਬਿਜਲੀ ਦਾ ਕਰੰਟ ਪਾਸ ਕਰਦਾ ਹੈ ਕੈਂਸਰ ਕੋਸ਼ਿਕਾਵਾਂ ਨੂੰ ਨਸ਼ਟ ਕਰਨ ਲਈ।

ਫ਼ੋਟੋਡਾਇਨੈਮਿਕ ਥੈਰੇਪੀ (PDT) ਕੈਂਸਰ ਕੋਸ਼ਿਕਾਵਾਂ ਨੂੰ ਨਸ਼ਟ ਕਰਨ ਲਈ ਰੋਸ਼ਨੀ ਦਾ ਇਸਤੇਮਾਲ ਕਰਦੀ ਹੈ। ਸਭ ਤੋਂ ਪਹਿਲਾਂ, ਤੁਹਾਨੂੰ ਇੱਕ ਖਾਸ ਦਵਾਈ ਦਿੱਤੀ ਜਾਂਦੀ ਹੈ ਜੋ ਰੋਸ਼ਨੀ ਦੇ ਪ੍ਰਤੀ ਸੰਵੇਦਨਸ਼ੀਲ ਹੁੰਦੀ ਹੈ। ਫਿਰ, ਤੁਸੀਂ ਕੁਝ ਘੰਟੇ ਉਡੀਕ ਕਰਦੇ ਹੋ ਤਾਂ ਜੋ ਦਵਾ ਨੂੰ ਕੈਂਸਰ ਕੋਸ਼ਿਕਾਵਾਂ ਦੁਆਰਾ ਸੋਖਿਆ ਜਾਏ। ਕੁਝ ਘੰਟਿਆਂ ਬਾਅਦ, ਡਾਕਟਰ ਤੁਹਾਡੀ ਸਾਹ ਦੀ ਨਾਲੀ ਵਿੱਚੋਂ ਇੱਕ ਟਿਊਬ ਹੇਠਾਂ ਲੰਘਾਉਂਦਾ ਹੈ (ਪੰਨਾ 2 ਦੇਖੋ) ਅਤੇ ਤੁਹਾਡੇ ਫੇਫੜੇ ਵਿੱਚ ਮੌਜੂਦ ਟਿਊਮਰ ਤੇ ਰੋਸ਼ਨੀ ਚਮਕਾਉਂਦਾ ਹੈ। ਇਹ ਰੋਸ਼ਨੀ ਦਵਾਈ ਨੂੰ ਸਕ੍ਰਿਅ ਬਣਾਉਂਦੀ ਹੈ, ਜੋ ਕੈਂਸਰ ਕੋਸ਼ਿਕਾਵਾਂ ਨੂੰ ਨਸ਼ਟ ਕਰਨ ਵਿੱਚ ਮਦਦ ਕਰਦੀ ਹੈ।

## ਲੱਛਣਾਂ ਤੇ ਨਿਯੰਤ੍ਰਣ ਕਰਨਾ

ਜੇ ਕੈਂਸਰ ਵਧਿਆ ਹੋਇਆ ਹੈ, ਤਾਂ ਤੁਹਾਨੂੰ ਹੋ ਸਕਣ ਵਾਲੇ ਕਿਸੇ ਵੀ ਲੱਛਣਾਂ ਨੂੰ ਨਿਯੰਤ੍ਰਿਤ ਕਰਨ ਦੇ ਬਹੁਤ ਸਾਰੇ ਤਰੀਕੇ ਹਨ। ਤੁਹਾਡਾ ਡਾਕਟਰ ਲੱਛਣਾਂ ਦੇ ਨਾਲ ਮਦਦ ਕਰਨ ਲਈ ਤੁਹਾਨੂੰ ਵੱਖ-ਵੱਖ ਦਵਾਈਆਂ ਦੇ ਸਕਦਾ ਹੈ। ਜੇ ਲੱਛਣ ਨਹੀਂ ਸੁਧਰਦੇ ਹਨ, ਤਾਂ ਹਮੇਸ਼ਾ ਆਪਣੇ ਡਾਕਟਰ ਨੂੰ ਦੱਸੋ।

#### ਬੰਦ ਹੋਏ ਹਵਾ-ਮਾਰਗ

ਕਈ ਵਾਰ, ਫੇਫੜੇ ਦੇ ਕੈਂਸਰ ਕਾਰਨ ਫੇਫੜਿਆਂ ਦੇ ਇੱਕ ਜਾਂ ਵਧ ਹਵਾ-ਮਾਰਗ ਬੰਦ ਜਾਂ ਤੰਗ ਹੋ ਸਕਦੇ ਹਨ। ਇਸਦੇ ਕਾਰਨ ਸਾਹ ਚੜ੍ਹ ਸਕਦਾ ਹੈ। ਰੁੱਕੇ ਹੋਏ ਹਵਾ-ਮਾਰਗਾਂ ਵਿੱਚ ਮਦਦ ਕਰਨ ਲਈ ਵੱਖ-ਵੱਖ ਇਲਾਜ ਵਰਤੇ ਜਾ ਸਕਦੇ ਹਨ:

- ਕੁਝ ਇਲਾਜਾਂ ਵਿੱਚ ਕੈਂਸਰ ਕੋਸ਼ਿਕਾਵਾਂ ਨੂੰ ਜਮਾਉਣ ਅਤੇ ਨਸ਼ਟ ਕਰਨ ਲਈ ਬਹੁਤ ਠੰਡੇ ਤਾਪਮਾਨ ਦਾ ਇਸਤੇਮਾਲ ਕੀਤਾ ਜਾਂਦਾ ਹੈ।
- ਕੁਝ ਇਲਾਜਾਂ ਵਿੱਚ ਕੈਂਸਰ ਕੋਸ਼ਿਕਾਵਾਂ ਨੂੰ ਨਸ਼ਟ ਕਰਨ ਲਈ ਬਿਜਲੀ ਦੇ ਕਰੰਟ ਦਾ ਇਸਤੇਮਾਲ ਕੀਤਾ ਜਾਂਦਾ ਹੈ।
- ਰੇਡੀਓਥੈਰੇਪੀ ਨੂੰ ਸਰੀਰ ਦੇ ਅੰਦਰੋਂ ਦੀ ਵੀ ਕੈਂਸਰ ਲਈ ਦਿੱਤਾ ਜਾ ਸਕਦਾ ਹੈ।
- ਇਸਨੂੰ ਖੁੱਲ੍ਹਾ ਰੱਖਣ ਲਈ ਹਵਾ-ਮਾਰਗ ਵਿੱਚ ਸਟੈਂਟ ਨਾਂ ਦੀ ਇੱਕ ਛੋਟੀ ਟਿਊਬ ਪਾਈ ਜਾ ਸਕਦੀ ਹੈ।

#### ਤਰਲ ਪਦਾਰਥਾਂ ਦਾ ਜਮਾਂ ਹੋਣਾ

ਜੇ ਫੇਫੜੇ ਵਿੱਚ ਤਰਲ ਪਦਾਰਥ ਜਮਾਂ ਹੋ ਜਾਂਦੇ ਹਨ, ਤਾਂ ਤੁਹਾਡਾ ਡਾਕਟਰ ਆਮ ਤੌਰ ਤੇ ਸੂਈ ਅਤੇ ਨਿਕਾਸ ਨਲੀ ਦੇ ਇਸਤੇਮਾਲ ਨਾਲ ਇਸਨੂੰ ਕੱਢ ਸਕਦਾ ਹੈ। ਜਾਂ ਤੁਹਾਡੀ ਅਜਿਹੀ ਪ੍ਰਕਿਰਿਆ ਕੀਤੀ ਜਾ ਸਕਦੀ ਹੈ ਜੋ ਫੇਫੜਿਆਂ ਦੇ ਆਸ-ਪਾਸ ਤਰਲ ਪਦਾਰਥਾਂ ਨੂੰ ਇਕੱਠਾ ਹੋਣ ਤੋਂ ਰੋਕਣ ਵਿੱਚ ਮਦਦ ਕਰਦੀ ਹੈ।

## ਇਲਾਜ ਤੋਂ ਬਾਅਦ

ਤੁਹਾਡਾ ਇਲਾਜ ਖਤਮ ਹੋਣ ਤੋਂ ਬਾਅਦ, ਤੁਹਾਡੇ ਨਿਯਮਿਤ ਮੁਆਇਨੇ ਅਤੇ ਜਾਂਚਾਂ ਹੋਣਗੀਆਂ। ਇਹ ਕਈ ਸਾਲਾਂ ਤਕ ਜਾਰੀ ਰਹਿ ਸਕਦੇ ਹਨ। ਸ਼ੁਰੂਆਤ ਵਿੱਚ ਇਹ ਨਿਯਮਿਤ ਤੌਰ ਤੇ ਹੋ ਸਕਦੇ ਹਨ, ਪਰ ਸਮੇਂ ਦੇ ਨਾਲ ਤੁਸੀਂ ਇਹ ਘੱਟ ਵਾਰ ਕਰਵਾਓਗੇ।

## ਤੁਹਾਡੀਆਂ ਭਾਵਨਾਵਾਂ

ਜਦੋਂ ਤੁਹਾਨੂੰ ਦੱਸਿਆ ਜਾਂਦਾ ਹੈ ਕਿ ਤੁਹਾਨੂੰ ਕੈਂਸਰ ਹੈ ਤਾਂ ਤੁਸੀਂ ਬਹੁਤ ਘਬਰਾ ਸਕਦੇ ਹੋ। ਤੁਹਾਨੂੰ ਬਹੁਤ ਵੱਖ-ਵੱਖ ਭਾਵਨਾਵਾਂ ਆ ਸਕਦੀਆਂ ਹਨ। ਕੁਝ ਲੋਕ ਪਰੇਸ਼ਾਨ, ਹੈਰਾਨ ਜਾਂ ਬੇਚੈਨ ਮਹਿਸੂਸ ਕਰ ਸਕਦੇ ਹਨ, ਬਲਕਿ ਕੁਝ ਲੋਕ ਗੁੱਸੇ, ਦੋਸ਼ੀ ਜਾਂ ਇਕੱਲਾਪਨ ਮਹਿਸੂਸ ਕਰਦੇ ਹਨ। ਮਹਿਸੂਸ ਕਰਨ ਦਾ ਕੋਈ ਸਹੀ ਜਾਂ ਗਲਤ ਤਰੀਕਾ ਨਹੀਂ ਹੈ। ਪਰ ਆਪਣੀਆਂ ਭਾਵਨਾਵਾਂ ਦਾ ਸਾਮ੍ਹਣਾ ਕਰਨ ਦੇ ਕਈ ਤਰੀਕੇ ਹਨ।

ਕਿਸੇ ਨਜ਼ਦੀਕੀ ਦੋਸਤ ਜਾਂ ਰਿਸ਼ਤੇਦਾਰ ਨਾਲ ਗੱਲ ਕਰਨਾ ਮਦਦਗਾਰ ਹੋ ਸਕਦਾ ਹੈ। ਯਾਦ ਰੱਖੋ, ਮਦਦ ਹਮੇਸ਼ਾ ਉਪਲਬਧ ਹੈ ਜਦੋਂ ਵੀ ਤੁਹਾਨੂੰ ਇਸਦੀ ਲੋੜ ਹੈ। ਜੇ ਤੁਸੀਂ ਇਸਦਾ ਸਾਮ੍ਹਣਾ ਕਰਨ ਵਿੱਚ ਸੰਘਰਸ਼ ਕਰ ਰਹੇ ਹੋ, ਤਾਂ ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰੋ। ਕੁਝ ਲੋਕਾਂ ਨੂੰ ਸਲਾਹ ਮਸ਼ਵਰਾ ਬਹੁਤ ਮਦਦਗਾਰ ਲੱਗਦਾ ਹੈ। ਤੁਹਾਡਾ ਡਾਕਟਰ ਜਾਂ ਨਰਸ ਤੁਹਾਨੂੰ ਇਸਦਾ ਹਵਾਲਾ ਦੇ ਸਕਦੇ ਹਨ।

## ਮੈਕਮਿਲਨ (Macmillan) ਕਿਵੇਂ ਤੁਹਾਡੀ ਸਦਦ ਕਰ ਸਕਦੀ ਹੈ

ਮੈਕਮਿਲਨ (Macmillan) ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਮਦਦ ਕਰਨ ਲਈ ਮੌਜੂਦ ਹੈ। ਤੁਸੀਂ ਇੱਥੋਂ ਮਦਦ ਪ੍ਰਾਪਤ ਕਰ ਸਕਦੇ ਹੋ:

- **ਮੈਕਮਿਲਨ (Macmillan) ਸੁਪੋਰਟ ਲਾਈਨ (0808 808 00 00)**। ਸਾਡੇ ਕੋਲ ਦੁਭਾਸ਼ੀਏ ਹਨ, ਇਸਲਈ ਤੁਸੀਂ ਸਾਡੇ ਨਾਲ ਆਪਣੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ। ਸਿਰਫ ਸਾਨੂੰ ਅੰਗ੍ਰੇਜ਼ੀ ਵਿੱਚ ਉਸ ਭਾਸ਼ਾ ਦਾ ਨਾਮ ਦੱਸੋ ਜੋ ਤੁਸੀਂ ਵਰਤਣਾ ਚਾਹੁੰਦੇ ਹੋ। ਅਸੀਂ ਡਾਕਟਰੀ ਸਵਾਲਾਂ ਦਾ ਜਵਾਬ ਦੇ ਸਕਦੇ ਹਾਂ, ਵਿੱਤੀ ਸਹਾਇਤਾ ਬਾਰੇ ਤੁਹਾਨੂੰ ਜਾਣਕਾਰੀ ਦੇ ਸਕਦੇ ਹਾਂ ਜਾਂ ਤੁਹਾਡੀਆਂ ਭਾਵਨਾਵਾਂ ਬਾਰੇ ਤੁਹਾਡੇ ਨਾਲ ਗੱਲ ਕਰ ਸਕਦੇ ਹਾਂ। ਇਹ ਫ਼ੋਨ ਲਾਈਨ ਹਫ਼ਤੇ ਦੇ 7 ਦਿਨ, ਸਵੇਰੇ 8 ਤੋਂ ਸ਼ਾਮ 8 ਵਜੇ ਤੱਕ ਖੁੱਲ੍ਹੀ ਹੈ।

- **ਮੈਕਮਿਲਨ (Macmillan) ਦੀ ਵੈਬਸਾਈਟ (macmillan.org.uk)**। ਸਾਡੀ ਸਾਈਟ ਵਿੱਚ ਕੈਂਸਰ ਅਤੇ ਕੈਂਸਰ ਦੇ ਨਾਲ ਜਿਊਣ ਬਾਰੇ ਅੰਗ੍ਰੇਜ਼ੀ ਵਿੱਚ ਕਾਫੀ ਸਾਰੀ ਜਾਣਕਾਰੀ ਉਪਲਬਧ ਹੈ। ਇਸ ਵੈਬਸਾਈਟ **macmillan.org.uk/translations ਤੇ ਦੂਜੀਆਂ ਭਾਸ਼ਾਵਾਂ ਵਿੱਚ ਹੋਰ ਜਾਣਕਾਰੀ ਉਪਲਬਧ ਹੈ**

- **ਜਾਣਕਾਰੀ ਅਤੇ ਸਹਿਯੋਗੀ ਸੇਵਾਵਾਂ**। ਜਾਣਕਾਰੀ ਅਤੇ ਸਹਿਯੋਗੀ ਸੇਵਾਵਾਂ ਵਿਖੇ, ਤੁਸੀਂ ਕੈਂਸਰ ਸੁਪੋਰਟ ਦੇ ਮਾਹਰ ਨਾਲ ਗੱਲ ਕਰ ਸਕਦੇ ਹੋ ਅਤੇ ਲਿਖਤੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਇਸ ਵੈਬਸਾਈਟ **macmillan.org.uk/informationcentres** ਤੇ ਜਾ ਕੇ ਆਪਣੇ ਨੇੜਲੇ ਕੇਂਦਰ ਦਾ ਪਤਾ ਲਗਾਓ ਜਾਂ ਸਾਨੂੰ ਕਾਲ ਕਰੋ। ਤੁਹਾਡੇ ਹਸਪਤਾਲ ਦੇ ਅੰਦਰ ਵੀ ਇਸਦਾ ਕੇਂਦਰ ਹੋ ਸਕਦਾ ਹੈ।

- **ਸਥਾਨਕ ਸਹਿਯੋਗੀ ਸਮੂਹ** – ਸਹਿਯੋਗੀ ਸਮੂਹ ਵਿੱਚ ਤੁਸੀਂ ਅਜਿਹੇ ਦੂਜੇ ਲੋਕਾਂ ਨਾਲ ਗੱਲ ਕਰ ਸਕਦੇ ਹੋ ਜੋ ਕੈਂਸਰ ਨਾਲ ਪ੍ਰਭਾਵਿਤ ਹੋਏ ਹਨ। ਇਸ ਵੈਬਸਾਈਟ **macmillan.org.uk/supportgroups** ਤੇ ਜਾ ਕੇ ਆਪਣੇ ਨੇੜਲੇ ਸਮੂਹ ਦਾ ਪਤਾ ਲਗਾਓ ਜਾਂ ਸਾਨੂੰ ਕਾਲ ਕਰੋ।

- **ਮੈਕਮਿਲਨ (Macmillan) ਆਨਲਾਈਨ ਕਮਿਊਨਿਟੀ** – ਤੁਸੀਂ ਇਸ ਵੈਬਸਾਈਟ **macmillan.org.uk/community ਤੇ ਆਨਲਾਈਨ ਕੈਂਸਰ ਨਾਲ ਪ੍ਰਭਾਵਿਤ ਹੋਏ ਦੂਜੇ ਲੋਕਾਂ ਨਾਲ ਵੀ ਗੱਲ ਕਰ ਸਕਦੇ ਹੋ**

## ਸ਼ਬਦ ਸੂਚੀ

| **ਸ਼ਬਦ** | **ਅੰਗ੍ਰੇਜ਼ੀ ਵਿੱਚ** | **ਅੰਗ੍ਰੇਜ਼ੀ ਵਿੱਚ ਕਿਵੇਂ ਬੋਲਣਾ ਹੈ** | **ਮਤਲਬ** |
|---|---|---|---|
| ਇਮਊਨੋਥੈਰੇਪੀ | Immunotherapy | ਇਮਊਨੋਥੈਰੇਪੀ | ਕੈਂਸਰ ਦਾ ਇਲਾਜ ਜੋ ਪ੍ਰਤੀਰੱਖਿਆ ਪ੍ਰਣਾਲੀ ਦੀ ਕੈਂਸਰ ਦੀਆਂ ਕੋਸ਼ਿਕਾਵਾਂ ਦੀ ਪਛਾਣ ਅਤੇ ਨਸ਼ਟ ਕਰਨ ਵਿੱਚ ਮਦਦ ਕਰਕੇ ਕੰਮ ਕਰਦਾ ਹੈ। |
| ਸਰਜਰੀ | Surgery | ਸਰਜਰੀ | ਕੈਂਸਰ ਦਾ ਇਲਾਜ ਜਿਸਦਾ ਮਤਲਬ ਆਪਰੇਸ਼ਨ ਕਰਵਾਉਣਾ ਹੈ। |
| ਸਹਿਮਤੀ | Consent | ਕਨਸੈਂਟ | ਕੁਝ ਹੋਣ ਜਾਂ ਕੁਝ ਕਰਨ ਦੀ ਸਹਿਮਤੀ ਦੇਣ ਦੀ ਇਜਾਜ਼ਤ ਦੇਣਾ |
| ਸਿਹਤ-ਦੇਖਭਾਲ ਟੀਮ | Healthcare team | ਹੈਲਥਕੇਅਰ ਟੀਮ | ਚਿਕਿਤਸਕੀ ਮਾਹਰਾਂ ਅਤੇ ਦੂਜੇ ਪੇਸ਼ੇਵਰਾਂ ਦੀ ਟੀਮ ਜੋ ਤੁਹਾਡੀ ਦੇਖਭਾਲ ਕਰੇਗੀ। |
| ਹਵਾ-ਮਾਰਗ | Airway | ਏਅਰਵੇਅ | ਸਰੀਰ ਵਿੱਚ ਅਜਿਹਾ ਮਾਰਗ ਜਾਂ ਨਾਲੀ ਜਿੱਥੋਂ ਹਵਾ ਲੰਘ ਕੇ ਫੇਫੜਿਆਂ ਤਕ ਪਹੁੰਚ ਸਕਦੀ ਹੋਏ। |
| ਕੋਸ਼ਿਕਾਵਾਂ | Cells | ਸੈੱਲਜ਼ | ਛੋਟੇ ਛੋਟੇ ਬਿਲਡਿੰਗ ਬਲਾਕ ਜੋ ਸਾਡੇ ਸਰੀਰ ਦੇ ਅੰਗਾਂ ਅਤੇ ਊਤਕਾਂ ਦਾ ਨਿਰਮਾਣ ਕਰਦੇ ਹਨ। |
| ਕੀਮੋਥੈਰੇਪੀ | Chemotherapy | ਕੀਮਥੈਰੇਪੀ | ਕੈਂਸਰ ਦਾ ਇਲਾਜ ਜੋ ਕੈਂਸਰ ਕੋਸ਼ਿਕਾਵਾਂ ਨੂੰ ਨਸ਼ਟ ਕਰਨ ਲਈ ਦਵਾਈਆਂ ਦੀ ਵਰਤੋਂ ਕਰਦਾ ਹੈ। |
| ਕੈਂਸਰ ਕੋਸ਼ਿਕਾਵਾਂ | Cancer cells | ਕੈਂਸਰ ਸੈੱਲਜ਼ | ਸਰੀਰ ਦੀਆਂ ਉਹ ਕੋਸ਼ਿਕਾਵਾਂ ਜੋ ਅਸਧਾਰਨ ਹੋ ਗਈਆਂ ਹਨ ਅਤੇ ਹੁਣ ਕੈਂਸਰ ਬਣ ਗਈਆਂ ਹਨ। |
| ਟਿਊਮਰ | Tumour | ਟਿਊਮਰ | ਕੈਂਸਰ ਕੋਸ਼ਿਕਾਵਾਂ ਦਾ ਇੱਕ ਸਮੂਹ ਜਿਸਨੇ ਗੰਢ ਦਾ ਰੂਪ ਲੈ ਲਿੱਤਾ ਹੈ। |

| | | | |
|---|---|---|---|
| ਟੀਚੇ ਵਾਲੀ ਥੈਰੇਪੀ | Targeted therapy | ਟਾਰਗੇਟਿਡ ਥੈਰੇਪੀ | ਕੈਂਸਰ ਦਾ ਇਲਾਜ ਜਿਸ ਵਿੱਚ ਅਜਿਹੀਆਂ ਦਵਾਈਆਂ ਦਾ ਇਸਤੇਮਾਲ ਹੁੰਦਾ ਹੈ ਜੋ ਕੈਂਸਰ ਕੋਸ਼ਿਕਾਵਾਂ ਨੂੰ ਨਿਸ਼ਾਨਾ ਬਣਾਉਂਦੀਆਂ ਅਤੇ ਨਸ਼ਟ ਕਰਦੀਆਂ ਹਨ। |
| ਪੜਾਅ | Stage | ਸਟੇਜ | ਕੈਂਸਰ ਦਾ ਪੜਾਅ ਤੁਹਾਨੂੰ ਦੱਸਦਾ ਹੈ ਕਿ ਇਹ ਕਿੰਨਾ ਗੰਭੀਰ ਹੈ ਅਤੇ ਇਹ ਫੈਲਿਆ ਹੋਇਆ ਹੈ ਜਾਂ ਨਹੀਂ। |
| ਪੜਾਅ-ਨਿਰਧਾਰਨ ਪ੍ਰਣਾਲੀ | Staging system | ਸਟੇਜਿੰਗ ਸਿਸਟਮ | ਨਿਯਮਾਂ ਦਾ ਇੱਕ ਸੈੱਟ ਜੋ ਡਾਕਟਰਾਂ ਦੀ ਇਹ ਨਿਰਣਾ ਕਰਨ ਵਿੱਚ ਮਦਦ ਕਰਦਾ ਹੈ ਕਿ ਕੈਂਸਰ ਕਿਸ ਪੜਾਅ ਵਿੱਚ ਹੈ। |
| ਪ੍ਰਤੀਰੱਖਿਆ ਪ੍ਰਣਾਲੀ | Immune system | ਇਮਊਨ ਸਿਸਟਮ | ਤੁਹਾਡੀ ਪ੍ਰਤੀਰੱਖਿਆ ਪ੍ਰਣਾਲੀ ਤੁਹਾਡੇ ਸਰੀਰ ਦਾ ਤੁਹਾਨੂੰ ਹਾਨੀਕਾਰਕ ਜੀਵਾਣੂ ਅਤੇ ਸੰਕ੍ਰਮਣ ਤੋਂ ਬਚਾਉਣ ਦਾ ਤਰੀਕਾ ਹੁੰਦਾ ਹੈ। |
| ਪੀੜਾਹਾਰੀ ਇਲਾਜ | Palliative treatment | ਪੈਲਿਏਟਿਵ ਟ੍ਰੀਟਮੈਂਟ | ਅਜਿਹੇ ਕੈਂਸਰ ਲਈ ਕਿਸੇ ਵਿਅਕਤੀ ਨੂੰ ਦਿੱਤਾ ਜਾਣ ਵਾਲਾ ਇਲਾਜ ਜੋ ਠੀਕ ਨਹੀਂ ਹੋ ਸਕਦਾ। ਇਸ ਵਿੱਚ ਕੈਂਸਰ ਨੂੰ ਸੁੰਗਾੜਣ ਲਈ ਇਲਾਜ, ਜਾਂ ਲੱਛਣਾਂ ਨੂੰ ਘਟਾਉਣ ਲਈ ਇਲਾਜ ਅਤੇ ਕਿਸੇ ਵਿਅਕਤੀ ਨੂੰ ਵਧੇਰੇ ਆਰਾਮਦਾਇਕ ਕਰਨ ਲਈ ਇਲਾਜ ਸ਼ਾਮਲ ਹੋ ਸਕਦਾ ਹੈ। |
| ਫੋਟੋਡਾਇਨੈਮਿਕ ਥੈਰੇਪੀ (PDT) | Photodynamic therapy (PDT) | ਫੋਟੋਡਾਇਨੈਮਿਕ ਥੈਰੇਪੀ (ਪੀਡੀਟੀ) | ਕੈਂਸਰ ਦਾ ਉਹ ਇਲਾਜ ਜੋ ਕੈਂਸਰ ਕੋਸ਼ਿਕਾਵਾਂ ਨੂੰ ਨਸ਼ਟ ਕਰਨ ਲਈ ਰੋਸ਼ਨੀ ਦੀ ਵਰਤੋਂ ਕਰਦਾ ਹੈ। |
| ਮਾੜੇ ਪ੍ਰਭਾਵ | Side effects | ਸਾਈਡ ਇਫੇਕਟਸ | ਕੈਂਸਰ ਦੇ ਇਲਾਜ ਦੇ ਅਣਚਾਹੇ ਪ੍ਰਭਾਵ। ਉਦਾਹਰਣ ਲਈ, ਵਾਲਾਂ ਦਾ ਝੜਣਾ, ਬਿਮਾਰ ਜਾਂ ਥਕਾਵਟ ਮਹਿਸੂਸ ਹੋਣਾ। |
| ਰੇਡੀਓਥੈਰੇਪੀ | Radiotherapy | ਰੇਡੀਓਥੈਰੇਪੀ | ਕੈਂਸਰ ਦਾ ਇਲਾਜ ਜੋ ਕੈਂਸਰ ਦੀਆਂ ਕੋਸ਼ਿਕਾਵਾਂ ਨੂੰ ਨਸ਼ਟ ਕਰਨ ਲਈ ਉੱਚ-ਊਰਜਾ ਕਿਰਨਾਂ, ਜਿਵੇਂ ਕਿ ਐਕਸ-ਰੇ, ਦਾ ਇਸਤੇਮਾਲ ਕਰਦਾ ਹੈ। |

| | | | |
|---|---|---|---|
| ਰੇਡਿਓਫ੍ਰੀਕਵੇਂਸੀ ਐਬਲੇਸ਼ਨ (RFA) | Radiofrequency ablation (RFA) | ਰੇਡੀਓਫ੍ਰੀਕਵੇਂਸੀ ਐਬਲੇਸ਼ਨ (ਆਰਐਫਏ) | ਕੈਂਸਰ ਦਾ ਇਲਾਜ ਜੋ ਕੈਂਸਰ ਦੀਆਂ ਕੋਸ਼ਿਕਾਵਾਂ ਨੂੰ ਨਸ਼ਟ ਕਰਨ ਲਈ ਤਾਪ (ਗਰਮੀ) ਦਾ ਇਸਤੇਮਾਲ ਕਰਦਾ ਹੈ। |
| ਲਿੰਫੈਟਿਕ (ਲਸਿਕਾ ਸਬੰਧੀ) ਪ੍ਰਣਾਲੀ | Lymphatic system | ਲਿੰਫੈਟਿਕ ਸਿਸਟਮ | ਪੂਰੇ ਸਰੀਰ ਵਿੱਚ ਟਿਊਬਾਂ ਅਤੇ ਗ੍ਰੰਥੀਆਂ ਦਾ ਇੱਕ ਨੈਟਵਰਕ। ਇਹ ਸੰਕ੍ਰਮਣ ਨਾਲ ਲੜਣ ਵਿੱਚ ਮਦਦ ਕਰਦੇ ਹਨ। ਇਹ ਊਤਕਾਂ ਅਤੇ ਅੰਗਾਂ ਵਿੱਚੋਂ ਵਾਧੂ ਤਰਲ ਪਦਾਰਥਾਂ ਨੂੰ ਬਾਹਰ ਵੀ ਕੱਢਦੇ ਹਨ। |

## ਤੁਹਾਡੀ ਭਾਸ਼ਾ ਵਿੱਚ ਵਧੇਰੇ ਜਾਣਕਾਰੀ

ਸਾਡੇ ਕੋਲ ਇਨ੍ਹਾਂ ਵਿਸ਼ਿਆਂ ਬਾਰੇ ਤੁਹਾਡੀਆਂ ਭਾਸ਼ਾ  ਵਿੱਚ ਜਾਣਕਾਰੀ ਉਪਲਬਧ ਹੈ:

<table>
<tr>
<td>
ਕੈਂਸਰ ਦੀਆਂ ਕਿਸਮਾਂ
<ul>
<li>ਛਾਤੀ ਦਾ ਕੈਂਸਰ</li>
<li>ਵੱਡੀ ਅੰਤੜੀ ਦਾ ਕੈਂਸਰ</li>
<li>ਫੇਫੜੇ ਦਾ ਕੈਂਸਰ</li>
<li>ਪ੍ਰੋਸਟੇਟ ਕੈਂਸਰ</li>
</ul>
ਇਲਾਜ
<ul>
<li>ਕੀਮੋਥੈਰੇਪੀ</li>
<li>ਰੇਡੀਓਥੈਰੇਪੀ</li>
<li>ਸਰਜਰੀ</li>
</ul>
</td>
<td>
ਕੈਂਸਰ ਨਾਲ ਜੂਝਣਾ
<ul>
<li>ਜੇ ਤੁਹਾਡੀ ਰੋਗ-ਪਛਾਣ ਕੈਂਸਰ ਦੇ ਨਾਲ ਕੀਤੀ ਗਈ ਹੈ – ਇੱਕ ਤਤਕਾਲ ਪੁਸਤਿਕਾ</li>
<li>ਖਾਣ-ਪੀਣ ਸਬੰਧੀ ਸਮੱਸਿਆਵਾਂ ਅਤੇ ਕੈਂਸਰ</li>
<li>ਜੀਵਨ ਦਾ ਅੰਤ</li>
<li>ਵਿੱਤੀ ਸਹਾਇਤਾ - ਬੈਨਿਫਿਟਸ (ਫ਼ਾਇਦੇ)</li>
<li>ਵਿੱਤੀ ਸਹਾਇਤਾ – ਖਰਚਿਆਂ ਵਿੱਚ ਮਦਦ</li>
<li>ਸਿਹਤਮੰਦ ਭੋਜਨ</li>
<li>ਥਕਾਵਟ (ਥਕੇਵਾਂ) ਅਤੇ ਕੈਂਸਰ</li>
<li>ਕੈਂਸਰ ਦੇ ਇਲਾਜ ਦੇ ਮਾੜੇ ਪ੍ਰਭਾਵ</li>
<li>ਤੁਸੀਂ ਆਪਣੀ ਖੁਦ ਦੀ ਮਦਦ ਕਰਨ ਲਈ ਕੀ ਕਰ ਸਕਦੇ ਹੋ</li>
</ul>
</td>
</tr>
</table>

ਇਸ ਜਾਣਕਾਰੀ ਨੂੰ ਦੇਖਣ ਲਈ, ਇਸ ਵੈਬਸਾਈਟ ਤੇ ਜਾਓ **macmillan.org.uk/translations**

